ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ
**ਐਸ.ਸੀ ਓ ਨੰ:-** 104-106, **ਦੂਸਰੀ ਮੰਜ਼ਿਲ, ਸੈਕਟਰ** 34-**ਏ, ਚੰਡੀਗੜ ਫ਼ੋਨ ਨੰ:**0172- 2623207, 2620106
**ਫੈਕਸ:** 0172-2624687 ਈ-ਮੇਲssapunjab@yahoo.com

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ)/(ਸੈ.ਸਿ)
ਪੰਜਾਬ
ਰਾਜ ਦੇ ਸਮੂਹ ਸੀ.ਸੈਕੰ/ਹਾਈ/ਮਿਡਲ/ਪ੍ਰਾਇ ਸਕੂਲਾਂ ਦੇ ਮੁੱਖੀ( ਵੈੱਬਸਾਈਟ ਰਾਹੀਂ)

ਮੀਮੋ ਨੰ: ਡਿ.ਐਸ.ਪੀ.ਡੀ/ਐਸ.ਐਸ.ਏ/2010/27516-27555
ਮਿਤੀ ਚੰਡੀਗੜ੍ਹ:2602-2010

ਹਵਾਲਾ:- ਮੀਮੋ ਨੰ: ਡਿ.ਐਸ.ਪੀ.ਡੀ/ਐਸ.ਐਸ.ਏ/2010/26222-261,ਮਿਤੀ ਚੰਡੀਗੜ੍ਹ 19-02-2010 ਅਤੇ ਮੀਮੋ ਨੰ: ਸਸਅ/ਕੋਆਰਡੀਨੇਸ਼ਨ/26442 ਮਿਤੀ 22-02-2010

**ਵਿਸ਼ਾ:- ਬੋਰਡ ਦੀਆਂ ਹੋਣ ਵਾਲੀਆਂ ਸਾਲਾਨਾ ਪ੍ਰੀਖਿਆਵਾਂ ਨੂੰ ਸੁਚਾਰੂ ਰੂਪ ਵਿੱਚ ਕਰਵਾਉਣ ਸੰਬੰਧੀ।**

1.0 ਉਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਉਪਰੋਕਤ ਹਵਾਲੇ ਅਧੀਨ ਪਹਿਲਾਂ ਜਾਰੀ ਕੀਤੇ ਗਏ ਪੱਤਰਾਂ ਦੀ ਲਗਾਤਾਰਤਾ ਵਿੱਚ ਲਿਖਿਆ ਜਾਂਦਾ ਹੈ ਕਿ ਬੋਰਡ ਪ੍ਰੀਖਿਆਵਾਂ ਦੀਆਂ ਡਿਊਟੀਆਂ ਲਈ ਸਕੂਲਾਂ ਵਿੱਚੋਂ 50 ਪ੍ਰਤੀਸ਼ਤ ਤੋਂ ਵੱਧ ਸਟਾਫ ਪ੍ਰੀਖਿਆ ਡਿਊਟੀ ਲਈ ਫਾਰਗ ਨਾ ਕੀਤਾ ਜਾਵੇ। ਜੇਕਰ ਕਿਸੇ ਸਕੂਲ ਦੇ ਅੱਧੇ ਤੋਂ ਵੱਧ ਸਟਾਫ ਦੀ ਡਿਊਟੀ ਬੋਰਡ ਪ੍ਰੀਖਿਆਵਾਂ ਵਿੱਚ ਲਗਾਈ ਗਈ ਹੈ ਤਾਂ ਅਧਿਆਪਕ ਨੂੰ ਡਿਊਟੀ ਲਈ ਸਕੂਲ ਤੋਂ ਫਾਰਗ ਕਰਨ ਸਮੇਂ ਸੰਬੰਧਤ ਅਧਿਆਪਕ ਦੇ ਵਿਸ਼ੇ ਦੀ ਅਹਿਮੀਅਤ ਨੂੰ ਵਿਚਾਰ ਲਿਆ ਜਾਵੇ।

3.0 ਜਿਸ ਦਿਨ ਅਧਿਆਪਕ ਨੂੰ ਪ੍ਰੀਖਿਆ ਕੇਂਦਰ ਵਿੱਚ ਪ੍ਰੀਖਿਆ ਡਿਊਟੀ ਤੋਂ ਛੋਟ ਹੋਵੇ, ਸੰਬੰਧਤ ਅਧਿਆਪਕ ਦਾ ਸਕੂਲ ਵਿੱਚ ਹਾਜ਼ਰ ਹੋਣਾ ਯਕੀਨੀ ਬਣਾਇਆ ਜਾਵੇ।

4.0 ਪਸਵਕ ਜਾਂ ਸਕੂਲ ਕਮੇਟੀਆਂ ਦਾ ਰਿਕਾਰਡ ਮੇਨਟੇਨ ਕਰਨ ਵਾਲੇ ਅਧਿਆਪਕਾਂ ਨੂੰ ਵੀ ਡਿਊਟੀ ਤੋਂ ਕੋਈ ਛੋਟ ਨਹੀਂ ਹੈ। ਜਿਸ ਦਿਨ ਉਹਨਾਂ ਦੀ ਡਿਊਟੀ ਪ੍ਰੀਖਿਆ ਵਿੱਚ ਨਹੀਂ ਹੋਵੇਗੀ, ਉਸ ਦਿਨ ਉਹ ਸਕੂਲ ਵਿੱਚ ਹਾਜ਼ਰ ਹੋ ਕੇ ਆਪਣਾ ਰਿਕਾਰਡ ਪੂਰਾ ਕਰਨਗੇ।

5.0 ਪ੍ਰੀਖਿਆ ਵਿੱਚ ਡਿਊਟੀ ਦੇਣ ਵਾਲੇ ਅਧਿਆਪਕਾਂ/ਕਰਮਚਾਰੀਆਂ ਨੂੰ ਸੰਬੰਧਤ ਪ੍ਰੀਖਿਆ ਕੇਂਦਰ ਵਿਖੇ ਪ੍ਰੀਖਿਆਵਾਂ ਮੁਕੰਮਲ ਹੋਣ ਉਪਰੰਤ ਸੁਪਰਡੈਂਟ ਵੱਲੋਂ ਉਸਦੀ ਫਾਰਗੀ ਰਿਪੋਰਟ ਵਿੱਚ ਪ੍ਰੀਖਿਆ ਡਿਊਟੀ ਦੀਆਂ ਮਿਤੀਆਂ ਦਰਸਾਈਆਂ ਜਾਣ। ਇਸ ਫਾਰਗੀ ਰਿਪੋਰਟ ਤੇ ਸੰਬੰਧਤ ਪ੍ਰੀਖਿਆ ਕੇਂਦਰ ਦੇ ਕੰਟਰੋਲਰ ਵੱਲੋਂ ਵੀ ਪ੍ਰਤੀ ਹਸਤਾਖਰ ਕੀਤੇ ਜਾਣ।

ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ, ਚੰਡੀਗੜ੍ਹ।**